

## ਸਲੌਟ ਮਸ਼ੀਨਾਂ ਬਾਰੇ ਤੱਥ!

**ਸਾਰੀਆਂ ਸੰਭਾਵਨਾਵਾਂ ਬਰਾਬਰ ਨਹੀਂ ਹੁੰਦੀਆਂ।**
I Heart ਟ੍ਰਿਪਲ ਡਾਇਮੰਡ ਪੈਨੀ ਮਸ਼ੀਨ (I Heart triple Diamond penny machine) ਉੱਤੇ, ਕੋਈ ਵੀ ਇਨਾਮ ਜਿੱਤਣ ਦੀਆਂ ਸੰਭਾਵਨਾਵਾਂ 12 ਵਿੱਚੋਂ 1 ਹਨ, ਪਰ ਸਭ ਤੋਂ ਵੱਡਾ ਇਨਾਮ ਜਿੱਤਣ ਦੀ ਸੰਭਾਵਨਾ 649,400 ਵਿੱਚੋਂ 1 ਹੈ।

**ਮੁਕਾਬਲਤਨ ਛੋਟੇ ਇਨਾਮ।**
ਇਸ ਗੱਲ ਦੀ ਸੰਭਾਵਨਾ ਵਧੇਰੇ ਹੈ ਕਿ ਤੁਸੀਂ ਸਲੌਟ ਮਸ਼ੀਨਾਂ ਉੱਤੇ ਸਭ ਤੋਂ ਵੱਡਾ ਇਨਾਮ ਜਿੱਤਣ ਦੀ ਬਜਾਏ ਮੁਕਾਬਲਤਨ ਛੋਟਾ ਇਨਾਮ ਜਿੱਤੋਂਗੇ।

**ਸਾਰੀਆਂ ਸਲੌਟ ਮਸ਼ੀਨਾਂ ਇੱਕ ਸਮਾਨ ਨਹੀਂ ਹੁੰਦੀਆਂ।**
ਕੁਝ ਕੁ ਮੁਕਾਬਲਤਨ ਛੋਟੇ ਇਨਾਮ ਵਧੇਰੇ ਬਾਰ-ਬਾਰ ਦਿੰਦੀਆਂ ਹਨ ਅਤੇ ਬੋਨਸ ਗੇਮਾਂ ਦਿੰਦੀਆਂ ਹਨ, ਜਦਕਿ ਕੁਝ ਹੋਰ ਘੱਟ ਵਾਰ ਪਰ ਮੁਕਾਬਲਤਨ ਵੱਡੇ ਇਨਾਮ ਦਿੰਦੀਆਂ ਹਨ।

**ਪੈਸਾ = ਕ੍ਰੈਡਿਟ**
ਜਦ ਤੁਸੀਂ ਕਿਸੇ ਸਲੌਟ ਮਸ਼ੀਨ ਵਿੱਚ ਪੈਸਾ ਪਾਉਂਦੇ ਹੋ, ਤਾਂ ਇਹ ਕ੍ਰੈਡਿਟ ਵਜੋਂ ਦਿਖਾਈ ਦਿੰਦਾ ਹੈ। ਜੇ ਤੁਸੀਂ ਜਿੱਤਦੇ ਹੋ, ਤਾਂ ਕ੍ਰੈਡਿਟ ਵਧ ਜਾਂਦੇ ਹਨ। ਜੇ ਤੁਸੀਂ ਹਾਰ ਜਾਂਦੇ ਹੋ, ਤਾਂ ਕ੍ਰੈਡਿਟ ਘਟ ਜਾਂਦੇ ਹਨ।

### ਸਲੌਟ ਮਸ਼ੀਨ ਦੇ ਅੰਦਰ ਕੀ ਹੁੰਦਾ ਹੈ?

ਸਲੌਟ ਮਸ਼ੀਨਾਂ ਅਜਿਹੇ ਕੰਪਿਊਟਰ ਹੁੰਦੀਆਂ ਹਨ ਜੋ ਹਰੇਕ ਖੇਡ ਦੇ ਸਿੱਟਾ ਦਾ ਪਤਾ ਲਾਉਣ ਲਈ ਬੇਤਰਤੀਬ ਨੰਬਰ ਸਿਰਜਕਾਂ (random number generators) ਦੀ ਵਰਤੋਂ ਕਰਦੇ ਹਨ। ਇਹ ਮਸ਼ੀਨਾਂ ਪ੍ਰਤੀ ਸਕਿੰਟ ਸੈਂਕੜੇ ਜਾਂ ਹਜ਼ਾਰਾਂ ਨੰਬਰ ਸਿਰਜਦੀਆਂ ਹਨ – ਮਸ਼ੀਨ ਦੇ ਨਤੀਜੇ ਇਸ ਚੀਜ਼ 'ਤੇ ਨਿਰਭਰ ਕਰਦੇ ਹਨ ਕਿ ਜਿਉਂ ਹੀ ਤੁਸੀਂ ਮਸ਼ੀਨ ਨੂੰ ਕਿਰਿਆਸ਼ੀਲ ਕਰਦੇ ਹੋ ਐਨ ਉਸੇ ਪਲ ਕਿਹੜਾ ਨੰਬਰ ਸਿਰਜਿਆ ਜਾਂਦਾ ਹੈ। ਬੇਤਰਤੀਬ ਨੰਬਰ ਸਿਰਜਕ ਹਰੇਕ ਖੇਡ ਦੇ ਸਿੱਟੇ ਦਾ ਕਿਆਸ ਲਾਉਣਾ, ਲਗਭਗ ਅਸੰਭਵ ਬਣਾ ਦਿੰਦਾ ਹੈ ਕਿਉਂਕਿ ਇੱਕ ਤੋਂ ਬਾਅਦ ਇੱਕ ਆਉਣ ਵਾਲੀ ਹਰੇਕ ਖੇਡ ਪੂਰੀ ਤਰ੍ਹਾਂ ਪਹਿਲਾਂ ਵਾਲੀ ਖੇਡ ਨਾਲੋਂ ਸੁਤੰਤਰ ਹੁੰਦੀ ਹੈ।

ਵਧੇਰੇ ਖੇਡਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਵਧੇਰੇ ਜਿੱਤੋਂਗੇ। ਜੇ ਤੁਸੀਂ ਇਹਨਾਂ ਸਾਰੀਆਂ ਗੱਲਾਂ ਨੂੰ ਮਿਲਾਕੇ ਦੇਖੋਂ, ਤਾਂ ਹੋ ਸਕਦਾ ਹੈ ਤੁਸੀਂ ਜਿੱਤੀ ਰਕਮ ਨਾਲੋਂ ਵਧੇਰੇ ਰਕਮ ਹਾਰ ਜਾਵੋਂ।




## ਕੀ ਤੁਹਾਡੇ ਕੋਈ ਹੋਰ ਸਵਾਲ ਹਨ?

**ਜੂਏਖ਼ਾਨੇ ਵਿਖੇ GameSense ਸਲਾਹਕਾਰ ਨੂੰ ਪੁੱਛੋ, GameSense.com ਦੇਖੋ ਜਾਂ 1-866-815-0222 'ਤੇ ਕਾਲ ਕਰੋ।**

# ਸਲੌਟ ਮਸ਼ੀਨਾਂ ਕਿਵੇਂ ਕੰਮ ਕਰਦੀਆਂ ਹਨ



---

**ਹਰੇਕ ਉਹ ਗੱਲ ਜੋ ਤੁਹਾਨੂੰ ਸੰਭਵ ਤੌਰ 'ਤੇ ਸਲੌਟ ਮਸ਼ੀਨਾਂ ਬਾਰੇ ਜਾਣਨ ਦੀ ਲੋੜ ਹੋ ਸਕਦੀ ਹੈ।**

---

GameSense
bclc

## ਇਹ ਕਿਵੇਂ ਕੰਮ ਕਰਦੀਆਂ ਹਨ

## ਕੀ ਸਲੌਟ ਮਸ਼ੀਨਾਂ ਉੱਤੇ ਜਿੱਤਣਾ ਪੂਰੀ ਤਰ੍ਹਾਂ ਚਾਣਚੱਕ ਹੁੰਦਾ ਹੈ, ਜਾਂ ਕੀ ਹੁਨਰ ਵੀ ਮਾਅਨੇ ਰੱਖਦਾ ਹੈ?

ਜ਼ਿਆਦਾਤਰ ਸਲੌਟ ਮਸ਼ੀਨਾਂ ਪੂਰੀ ਤਰ੍ਹਾਂ ਚਾਣਚੱਕ ਸੰਭਾਵਨਾ ਵਾਲੀਆਂ ਹੁੰਦੀਆਂ ਹਨ। ਪਰ ਕੁਝ ਮਸ਼ੀਨਾਂ ਵਾਸਤੇ, ਬੋਨਸ ਗੇਮਾਂ ਆਰਕੇਡ-ਸਟਾਈਲ (arcade-style) ਵੀਡੀਓ ਗੇਮ ਨਾਲ ਅੰਤਰਕਿਰਿਆ ਕਰਨ ਦੁਆਰਾ ਸਿੱਟੇ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਦੀ ਪੇਸ਼ਕਸ਼ ਕਰਦੀਆਂ ਹਨ। ਹਾਲਾਂਕਿ ਹੁਨਰ ਇੱਕ ਕਾਰਕ ਹੋ ਸਕਦਾ ਹੈ, ਪਰ ਮਸ਼ੀਨ ਅੰਦਰਲਾ ਬੇਤਰਤੀਬ ਨੰਬਰ ਸਿਰਜਕ ਅਕਸਰ ਇਸ ਗੱਲ ਦਾ ਨਿਰਣਾ ਕਰਦਾ ਹੈ ਕਿ ਕੀ ਤੁਸੀਂ ਬੋਨਸ ਗੇਮ ਖੇਡਦੇ ਹੋ ਅਤੇ ਜਿੱਤਣ ਵਾਸਤੇ ਉਪਲਬਧ ਰਕਮਾਂ ਕਿੰਨ੍ਹੀਆਂ ਹੋਣਗੀਆਂ – ਇਸ ਕਰਕੇ ਸੰਭਾਵਨਾ ਅਜੇ ਵੀ ਇਸ ਸੌਦੇ ਦਾ ਵੱਡਾ ਭਾਗ ਹੈ।

## ਕੀ ਵਧੇਰੇ ਖੇਡਣ ਦਾ ਮਤਲਬ ਵਧੇਰੇ ਇਨਾਮ ਨਿਕਲਣਾ ਹੈ?

ਨਹੀਂ। ਸਲੌਟ ਮਸ਼ੀਨਾਂ ਦੇ ਸਬੰਧ ਵਿੱਚ, ਨਿਰੰਤਰ ਲੱਗੇ ਰਹਿਣ ਦਾ ਕੋਈ ਲਾਭ ਨਹੀਂ। ਸਲੌਟ ਮਸ਼ੀਨ ਉੱਤੇ ਹਰ ਖੇਡ ਪਹਿਲਾਂ ਵਾਪਰ ਚੁੱਕੀ ਖੇਡ ਤੋਂ ਸੁਤੰਤਰ, ਅਣਕਿਆਸਣਯੋਗ ਅਤੇ ਗੈਰ-ਸਬੰਧਿਤ ਹੁੰਦੀ ਹੈ। ਮਸ਼ੀਨਾਂ ਕਦੇ ਵੀ "ਜਿੱਤ ਵਾਸਤੇ ਬਕਾਇਆ" ਨਹੀਂ ਹੁੰਦੀਆਂ ਅਤੇ ਕਿਸੇ ਜਿੱਤ ਦੇ ਬਾਅਦ "ਠੰਢੀਆਂ" ਵੀ ਨਹੀਂ ਪੈਂਦੀਆਂ।

## ਕੀ ਏਲ (ਰਸਤੇ) ਤੋਂ ਜ਼ਿਆਦਾ ਦੂਰ ਸਥਿਤ ਮਸ਼ੀਨਾਂ ਵਧੇਰੇ ਇਨਾਮ ਦਿੰਦੀਆਂ ਹਨ ਕਿਉਂਕਿ ਉਹਨਾਂ ਉੱਤੇ ਘੱਟ ਵਾਰ ਖੇਡਿਆ ਜਾਂਦਾ ਹੈ?

ਕਿਸੇ ਮਸ਼ੀਨ ਉੱਤੇ ਕਿੰਨ੍ਹੀ ਕੁ ਵਾਰ ਖੇਡਿਆ ਜਾਂਦਾ ਹੈ ਇਸ ਗੱਲ ਦਾ ਅਗਲੀ ਵਾਰ ਖੇਡੇ ਜਾਣ 'ਤੇ ਮਸ਼ੀਨ ਵੱਲੋਂ ਦਿੱਤੇ ਜਾਣ ਵਾਲੇ ਇਨਾਮ ਨਾਲ ਕੋਈ ਸਰੋਕਾਰ ਨਹੀਂ ਹੈ। ਦਿੱਤੇ ਜਾਣ ਵਾਲੇ ਇਨਾਮਾਂ ਦਾ ਨਿਰਣਾ ਪਹਿਲਾਂ ਤੋਂ ਨਿਰਧਾਰਤ ਮਸ਼ੀਨ ਦੀਆਂ ਸੰਭਾਵਨਾਵਾਂ ਅਤੇ ਇਸਦੇ ਅੰਦਰ ਬੇਤਰਤੀਬ ਨੰਬਰ ਸਿਰਜਕ ਦੇ ਅਣਕਿਆਸਣਯੋਗ ਨਤੀਜਿਆਂ ਦੁਆਰਾ ਕੀਤਾ ਜਾਂਦਾ ਹੈ।

## ਜਿਸ ਮਸ਼ੀਨ ਉੱਤੇ ਮੈਂ ਖੇਡ ਰਿਹਾ ਸੀ ਉਸਨੇ ਮੇਰੇ ਜਾਣ ਦੇ ਠੀਕ ਬਾਅਦ ਜੈਕਪੌਟ ਇਨਾਮ ਕੱਢ ਮਾਰਿਆ। ਜੇ ਮੈਂ ਰੁਕ ਗਿਆ ਹੁੰਦਾ, ਤਾਂ ਕੀ ਮੈਂ ਜਿੱਤ ਗਿਆ ਹੁੰਦਾ?

ਇਹ ਕਹਿਣਾ ਅਸੰਭਵ ਹੈ। ਕਿਉਂਕਿ ਬੇਤਰਤੀਬ ਨੰਬਰ ਸਿਰਜਕ ਹਰੇਕ ਖੇਡ ਦੇ ਸਿੱਟੇ ਦਾ ਨਿਰਣਾ ਕਰਦੇ ਹਨ, ਇਸ ਲਈ ਹਰੇਕ ਖੇਡ ਦੇ ਨਤੀਜੇ ਪੂਰੀ ਤਰ੍ਹਾਂ ਸੁਤੰਤਰ ਹੁੰਦੇ ਹਨ। ਸਿੱਟੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਜਦ ਕੋਈ ਖਿਡਾਰੀ ਖੇਡਣ ਲਈ ਬਟਨ ਦਬਾਉਂਦਾ ਹੈ ਜਾਂ ਲੀਵਰ ਨੂੰ ਖਿੱਚ੍ਹਦਾ ਹੈ ਤਾਂ ਕਿਹੜਾ ਨੰਬਰ ਸਿਰਜਿਆ ਜਾਂਦਾ ਹੈ। ਭਵਿੱਖ ਦੇ ਸਿੱਟੇ ਇਸ ਗੱਲ ਤੋਂ ਪੂਰੀ ਤਰ੍ਹਾਂ ਗੈਰ-ਸਬੰਧਿਤ ਹੁੰਦੇ ਹਨ ਕਿ ਜਦ ਤੁਸੀਂ ਖੇਡ ਰਹੇ ਸੀ ਤਾਂ ਉਸ ਸਮੇਂ ਕੀ ਵਾਪਰਿਆ ਸੀ।

## ਮੇਰੇ ਜਿੱਤਣ ਦੀਆਂ ਸੰਭਾਵਨਾਵਾਂ ਕਿੰਨ੍ਹੀਆਂ ਕੁ ਹਨ?

ਇਹ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ। ਤੁਹਾਡੇ ਜਿੱਤਣ ਦੀ ਸੰਭਾਵਨਾ ਤੁਹਾਡੇ ਵੱਲੋਂ ਖੇਡਣ ਵਾਸਤੇ ਚੁਣੀ ਗਈ ਮਸ਼ੀਨ ਅਤੇ ਤੁਹਾਡੇ ਵੱਲੋਂ ਦਾਅ 'ਤੇ ਲਾਏ ਜਾਣ ਵਾਲੇ ਕ੍ਰੈਡਿਟਾਂ 'ਤੇ ਨਿਰਭਰ ਕਰਦੀ ਹੈ। ਪਰ ਯਾਦ ਰੱਖੋ ਕਿ ਸੰਭਾਵਨਾਵਾਂ ਹਮੇਸ਼ਾਂ "ਹਾਊਸ" ਦੇ ਪੱਖ ਵਿੱਚ ਹੁੰਦੀਆਂ ਹਨ। ਸਮਾਂ ਪਾਕੇ, ਤੁਹਾਡੀ ਇਸ ਗੱਲ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ ਕਿ ਤੁਸੀਂ ਸ਼ੁਰੂਆਤ ਮੌਕੇ ਤੁਹਾਡੀ ਜੇਬ ਵਿਚਲੇ ਪੈਸੇ ਨਾਲੋਂ ਵਧੇਰੇ ਪੈਸਾ ਲੈਕੇ ਜਾਵੋਂਗੇ।

1:37
1:4